# Gurdaspur

दैनिक सवेरा टाइम्स
अंधेरे से उजाले की ओर...
27 June2026

# अकाल एकेडमी तिब्बड़ में 'WE ARE DRUG-FREE' वर्ल्ड रिकॉर्ड कैंप लगाया




ड्रग फ्री डे के मौके पर बच्चों की ओर से दिया गया बढ़िया मैसेज।

## स्टूडेंट्स और टीचर्स ने ड्रग-फ्री समाज बनाने का वादा किया

सवेरा न्यूज/अमृत

धारीवाल, 26 जूनः इंटरनेशनल एंटी-ड्रग डे के मौके पर पंजाब के गुरदासपुर जिले के अकाल एकेडमी तिब्बड़ में ₹WE ARE DRUG-FREE₹ वर्ल्ड रिकॉर्ड कैंपेन के तहत एक खास इवेंट ऑर्गेनाइज़ किया गया। ₹कलगीधर ट्रस्ट₹ की गाइडेंस में, सुबह 8:00 बजे, अकाल एकेडमी तिबार के कैंपस के स्टूडेंट्स और टीचर्स ने एक साथ मिलकर ड्रग-फ्री, हेल्दी और नैतिक रूप से ईमानदार समाज बनाने का वादा किया। इस ऐतिहासिक पहल का मकसद युवाओं को ड्रग्स से दूर रहने के लिए मोटिवेट करना और समाज में जागरूकता फैलाना है। अकाल एकेडमी तिबार के प्रिंसिपल, स्टूडेंट्स, टीचर्स और पूरे स्टाफ ने इस कैंपेन में पूरे जोश के साथ हिस्सा लिया और ड्रग-फ्री पंजाब और ड्रग-फ्री भारत बनाने के लिए अपना कमिटमेंट दिखाया। एकेडमी की प्रिंसिपल मैडम ने कहा कि ऐसे कैंपेन स्टूडेंट्स में सामाजिक ज़िम्मेदारी और अच्छे नागरिक बनने की भावना को मज़बूत करते हैं। उन्होंने इस वर्ल्ड रिकॉर्ड इनिशिएटिव को सफल बनाने के लिए सभी के सहयोग की तारीफ़ की।

ਨਵਾਂ ਜ਼ਮਾਨਾ
Page 11 27 Jun 2026

# ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਨਸ਼ਾ ਮੁਕਤ ਸਮਾਜ ਦਾ ਸੰਕਲਪ

ਧਾਰੀਵਾਲ (ਮਨਦੀਪ ਵਿੱਕੀ)-ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਦੇ ਮੌਕੇ ਅਕਾਲ ਅਕੈਡਮੀ ਤਿੱਬੜ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਅਸੀਂ ਨਸ਼ਾ ਮੁਕਤ ਹਾਂ ਵਿਸ਼ਵ ਰਿਕਾਰਡ ਮੁਹਿੰਮ ਅਧੀਨ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਸਰਬਸ਼ਕਤੀਮਾਨ ਪਰਮਾਤਮਾ ਦੀ ਕਿਰਪਾ ਅਤੇ ਕਲਗੀਧਰ ਟਰੱਸਟ ਦੀ ਰਹਿਨੁਮਾਈ ਹੇਠ ਅਕਾਲ ਅਕੈਡਮੀ ਤਿੱਬੜ ਦੇ ਕੈਂਪਸ ਵਿੱਚ ਸਵੇਰੇ ਵਿਦਿਆਰਥੀਆਂ




ਅਤੇ ਅਧਿਆਪਕਾਂ ਨੇ ਇੱਕੋ ਸਮੇਂ ਨਸ਼ਾ-ਮੁਕਤ, ਸਿਹਤਮੰਦ ਅਤੇ ਨੈਤਿਕ ਕਦਰਾਂ-ਕੀਮਤਾਂ ਵਾਲੇ ਸਮਾਜ ਦੀ ਸਿਰਜਣਾ ਲਈ ਸਾਂਝੀ ਸਹੁੰ ਚੁੱਕੀ। ਇਸ ਮੌਕੇ ਅਕਾਲ ਅਕੈਡਮੀ ਤਿੱਬੜ ਦੇ ਪ੍ਰਿੰਸੀਪਲ ਗੁਰਵਿੰਦਰ ਕੌਰ, ਵਿਦਿਆਰਥੀਆਂ, ਅਧਿਆਪਕਾਂ ਅਤੇ ਪੂਰੇ ਸਟਾਫ਼ ਨੇ ਪੂਰੇ ਉਤਸ਼ਾਹ ਨਾਲ ਇਸ ਮੁਹਿੰਮ ਵਿੱਚ ਹਿੱਸਾ ਲੈਂਦਿਆਂ ਨਸ਼ਾ-ਮੁਕਤ ਪੰਜਾਬ ਅਤੇ ਨਸ਼ਾ-ਮੁਕਤ ਭਾਰਤ ਦੇ ਨਿਰਮਾਣ ਲਈ ਆਪਣੀ ਵਚਨਬੱਧਤਾ ਪ੍ਰਗਟਾਈ। ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਦੱਸਿਆ ਕਿ ਇਸ ਇਤਿਹਾਸਕ ਪਹਿਲ ਕਦਮੀ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਅਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਣਾ ਹੈ। ਉਹਨਾਂ ਕਿਹਾ ਕਿ ਅਜਿਹੀਆਂ ਮੁਹਿੰਮਾਂ ਵਿਦਿਆਰਥੀਆਂ ਵਿੱਚ ਸਮਾਜਿਕ ਜ਼ਿੰਮੇਵਾਰੀ ਅਤੇ ਚੰਗੇ ਨਾਗਰਿਕ ਬਣਨ ਦੀ ਭਾਵਨਾ ਨੂੰ ਮਜ਼ਬੂਤ ਕਰਦੀਆਂ ਹਨ। ਉਨ੍ਹਾਂ ਇਸ ਵਿਸ਼ਵ ਰਿਕਾਰਡ ਪਹਿਲ ਨੂੰ ਸਫਲ ਬਣਾਉਣ ਲਈ ਸਾਰਿਆਂ ਦੇ ਸਹਿਯੋਗ ਦੀ ਸ਼ਲਾਘਾ ਕੀਤੀ।ਇਸ ਮੌਕੇ ਡਾ. ਰਮਿੰਦਰਪਾਲ ਸਿੰਘ ਕਾਹਲੋਂ, ਓਂਕਾਰ ਸਿੰਘ ਕੁਆਰਡੀਨੇਟਰ, ਐਸ. ਐਮ. ਕਾਲਜ ਫ਼ਾਰ ਵੂਮੈਨ, ਕਾਹਨੂੰਵਾਨ ਵਿਸ਼ੇਸ਼ ਮਹਿਮਾਨਾਂ ਦੇ ਤੌਰ 'ਤੇ ਹਾਜ਼ਰ ਹੋਏ ਅਤੇ ਇਸ ਵਿਸ਼ੇਸ਼ ਉਪਰਾਲੇ ਦੀ ਸ਼ਲਾਘਾ ਕੀਤੀ।

ਪੰਜਾਬੀ ਟ੍ਰਿਬਿਊਨ 28 June2026

# ਨਸ਼ਾ ਵਿਰੋਧੀ ਦਿਵਸ ਨੂੰ ਸਮਰਪਿਤ ਸਮਾਗਮ

**ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਨਸ਼ਾ ਮੁਕਤ ਸਮਾਜ ਦੀ ਸਹੁੰ ਚੁੱਕੀ**

ਪੱਤਰ ਪ੍ਰੇਰਕ

**ਧਾਰੀਵਾਲ, 27 ਜੂਨ**

ਕਲਗੀਧਰ ਟਰੱਸਟ ਬੜੂ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਸੰਸਥਾ ਅਕਾਲ ਅਕੈਡਮੀ ਤਿੱਬੜ ਵਿੱਚ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮੌਕੇ ਅਸੀਂ ਨਸ਼ਾ ਮੁਕਤ ਹਾਂ ਵਿਸ਼ਵ ਰਿਕਾਰਡ ਮੁਹਿੰਮ ਅਧੀਨ ਵਿਸ਼ੇਸ਼ ਸਮਾਗਮ ਕਰਵਾਇਆ। ਪ੍ਰਿੰਸੀਪਲ ਗੁਰਵਿੰਦਰ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਨਸ਼ਾ-ਮੁਕਤ, ਸਿਹਤਮੰਦ ਅਤੇ ਨੈਤਿਕ ਕਦਰਾਂ-ਕੀਮਤਾਂ ਵਾਲੇ ਸਮਾਜ ਦੀ ਸਿਰਜਣਾ ਲਈ ਸਹੁੰ ਚੁੱਕੀ। ਇਸ ਮੌਕੇ ਵਿਸ਼ੇਸ਼ ਮਹਿਮਾਨਾਂ ਡਾ.ਰਮਿੰਦਰਪਾਲ ਸਿੰਘ ਕਾਹਲੋਂ, ਓਕਾਰ ਸਿੰਘ ਕੁਆਰਡੀਨੇਟਰ ਐੱਸ ਐੱਮ ਕਾਲਜ ਫ਼ਾਰ ਵਿਮੈਨ ਕਾਹਨੂੰਵਾਨ ਨੇ ਇਸ ਵਿਸ਼ੇਸ਼ ਉਪਰਾਲੇ ਦੀ ਸ਼ਲਾਘਾ ਕੀਤੀ।



ਸਮਾਗਮ ਦੌਰਾਨ ਵਿਦਿਆਰਥੀ ਅਤੇ ਪ੍ਰਬੰਧਕ। -ਫੋਟੋ: ਮਿੰਟੂ

**ਚੇਤਨਪੁਰਾ (ਪੱਤਰ ਪ੍ਰੇਰਕ):** ਵਿਸ਼ਵ ਨਸ਼ਾ ਵਿਰੋਧੀ ਦਿਵਸ ਨੂੰ ਸਮਰਪਿਤ ਕਲਗੀਧਰ ਟਰੱਸਟ ਬੜੂ ਸਾਹਿਬ ਦੀ ਸਰਪ੍ਰਸਤੀ ਹੇਠ ਅਤੇ ਅਕਾਲ ਅਕੈਡਮੀ ਵਿਛੋਆ ਦੇ ਪ੍ਰਿੰਸੀਪਲ ਸ੍ਰੀਮਤੀ ਜਤਿੰਦਰ ਕੌਰ ਘੁੰਮਣ ਦੇ ਯਤਨਾਂ ਸਦਕਾ 'ਵੀ ਆਰ ਡਰੱਗ ਫ੍ਰੀ' ਗਤੀਵਿਧੀ ਕਰਵਾਈ ਗਈ। ਇਸ ਮੌਕੇ ਪ੍ਰਿੰਸੀਪਲ ਸ੍ਰੀਮਤੀ ਜਤਿੰਦਰ ਕੌਰ ਘੁੰਮਣ ਨੇ ਕਿਹਾ ਕਿ ਕਲਗੀਧਰ ਟਰਸਟ ਬੜੂ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੇ ਸਾਰੇ ਸਕੂਲਾਂ ਵਿੱਚ ਇੱਕੋ ਸਮੇਂ ਇਹ ਗਤੀਵਿਧੀ ਕਰਵਾਈ ਗਈ, ਜਿਸ ਨੂੰ ਵਰਲਡ ਬੁੱਕ ਆਫ ਰਿਕਾਰਡਜ਼, ਲੰਡਨ ਵਿੱਚ ਵੀ ਦਰਜ ਕੀਤਾ ਗਿਆ ਹੈ।

ਰੋਜ਼ਾਨਾ ਸਪੋਕਸਮੈਨ
RozanaSpokesman.com

27 June2026

# ਅਕਾਲ ਅਕੈਡਮੀ ਮੂਲਿਆਂਵਾਲ ਵਿਖੇ ਅੰਤਰਰਾਸ਼ਟਰੀ ਨਸ਼ਾ ਵਿਰੁਧ ਦਿਵਸ ਮੌਕੇ 'ਅਸੀਂ ਨਸ਼ਾ ਮੁਕਤ ਹਾਂ' ਦਾ ਪ੍ਰਣ ਲਿਆ




ਧਾਰੀਵਾਲ, 26 ਜੂਨ (ਇੰਦਰ ਜੀਤ) : ਅੰਤਰਰਾਸ਼ਟਰੀ ਨਸ਼ਾ ਵਿਰੁੱਧ ਦਿਵਸ ਦੇ ਮੌਕੇ ਤੇ ਕਲਗੀਧਰ ਟਰਸਟ ਬੜੂ ਸਾਹਿਬ ਵੱਲੋਂ ਚਲਾਏ ਜਾ ਰਹੇ 129 ਅਕਾਲ ਅਕੈਡਮੀਆਂ ਸਮੇਤ ਅਕਾਲ ਅਕੈਡਮੀ ਮੂਲਿਆਂਵਾਲ, ਤਿੱਬੜ ਅਤੇ ਰਸੂਲਪੁਰ ਬੇਟ ਵਿਖੇ ਵੀ ਗਤੀਵਿਧੀਆਂ ਕਰਵਾਈਆਂ ਗਈਆਂ ਕਿ ਅਸ਼ੀ ਨਸ਼ਾਂ ਮੁਕਤ ਹਾਂ ਦਾ ਪ੍ਰਣ ਲਿਆ ਗਿਆ । ਇਸ ਸਬੰਧੀ ਅਕਾਲ ਅਕੈਡਮੀ ਮੂਲਿਆਵਾਲ ਦੇ ਪ੍ਰਿੰਸੀਪਲ ਮੈਡਮ ਰਜਵੰਤ ਕੌਰ ਨੇ ਦੱਸਿਆ ਕਿ ਇਹ ਐਕਟੀਵਿਟੀ 26 ਜੂਨ ਦਿਨ ਸ਼ੁੱਕਰਵਾਰ ਨੂੰ ਸਵੇਰੇ 8.00 ਵਜੇ ਕਰਵਾਈ ਗਈ। ਇਸ ਵਿੱਚ ਸਾਰੀਆ ਅਕਾਲ ਅਕੈਡਮੀਆ ਦੇ 15000 ਤੋਂ ਵੱਧ ਵਿਦਿਆਰਥੀਆਂ ਨੇ ਪੰਜਾਬ, ਹਰਿਆਣਾ ਹਿਮਾਚਲ ਪ੍ਰਦੇਸ਼ ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਇੱਕ ਵਿਸ਼ੇਸ਼ ਨਸ਼ਾ ਵਿਰੋਧੀ ਜਾਗਰੂਕਤਾ ਮੁਹਿਮ ਵਿੱਚ ਭਾਗ ਲਿਆ ਹੈ। ਸਵੇਰੇ 8.00 ਵਜੇ ਸਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਇੱਕੋ ਸਮੇਂ ਆਪਣੇ ਕੈਂਪਸਾਂ ਵਿੱਚ ਇਕੱਠੇ ਹੋ ਕੇ (ਅਸੀਂ ਨਸ਼ਾ ਮੁਕਤ ਹਾਂ) ਦੀ ਮਨੁੱਖੀ ਅੱਖਰ ਰਚਨਾ ਬਣਾ ਕੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਕਲਪ ਦੁਹਰਾਇਆ।. ਇਹ ਗਤੀਵਿਧੀ ਵਰਲਡ ਬੁੱਕ ਆਫ ਰਿਕਾਰਡਜ ਲੰਡਨ ਵਿੱਚ ਦਰਜ ਹੋਣ ਦੇ ਉਦੇਸ਼ ਨਾਲ ਕਰਵਾਈ ਗਈ। ਜ਼ਿਲਾ ਗੁਰਦਾਸਪੁਰ ਅਕਾਲ ਅਕੈਡਮੀ ਮੂਲਿਆਂਵਾਲ ਦੀਆਂ 65 ਬੱਚਿਆਂ ਨੇ ਇਸ ਮੁਹਿਮ ਵਿੱਚ ਭਾਗ ਲਿਆ। ਇਸ ਮੌਕੇ ਅਕਾਲ ਅਕੈਡਮੀ ਮੂਲਿਆਂਵਾਲ ਦੇ ਪ੍ਰਿੰਸੀਪਲ ਸ੍ਰੀਮਤੀ ਰਜਵੰਤ ਕੌਰ ਜੀ ਨੇ ਕਿਹਾ ਕਿ ਇਹ ਉਪਰਾਲਾ ਸਾਡੇ ਵਿਦਿਆਰਥੀਆਂ ਦੀ ਨਸ਼ਾ ਮੁਕਤ ਸਮਾਜ ਪ੍ਰਤੀ ਵਚਨਬੱਧਤਾਂ ਨੂੰ ਦਰਸਾਉਂਦਾ ਹੈ। ਸਾਲ ਭਰ ਚੱਲਣ ਵਾਲੇ ਜਾਗਰੂਕਤਾ ਪ੍ਰੋਗਰਾਮ ਮੁੱਲ ਅਧਾਰਤ ਸਿੱਖਿਆ ਕੌਂਸਲਿੰਗ ਅਤੇ ਨਸ਼ਾ ਰੋਕਥਾਮੀ ਗਤੀਵਿਧੀਆਂ ਰਾਹੀਂ ਸਾਡੇ ਸਕੂਲ ਨਸ਼ਾ ਮੁਕਤ ਕੈਂਪਸ ਬਣਾਈ ਰੱਖਣ ਲਈ ਲਗਾਤਾਰ ਯਤਨਸ਼ੀਲ ਹਨ। ਕਲਗੀਧਰ ਟਰੱਸਟ ਦਾ ਆਪਣੇ ਵਿਦਿਆਕ ਅਦਾਰਿਆਂ ਰਾਹੀਂ ਨਸ਼ਾ ਰੋਕਥਾਮ ਤੇ ਸਮਾਜਿਕ ਜਾਗਰੂਕਤਾ ਮੁਹਿੰਮ ਨੂੰ ਲਗਾਤਾਰ ਅੱਗੇ ਵੱਧ ਰਿਹਾ ਹੈ। ਅਕਾਲ ਅਕੈਡਮੀਆਂ ਦੇ ਵਿਦਿਆਰਥੀ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਵੱਡੀਆਂ ਸਮਾਜਿਕ ਮੁਹਿਮਾਂ ਰਾਹੀਂ ਦੇ ਵਿਸ਼ਵ ਰਿਕਾਰਡ ਅਤੇ ਇੱਕ ਲਿਮਕਾ ਬੁੱਕ ਆਫ ਰਿਕਾਰਡ ਸਨਮਾਨ ਹਾਸਲ ਕਰਨ ਵਿੱਚ ਯੋਗਦਾਨ ਪਾ ਚੁੱਕੇ ਹਨ। ਇਹ ਮੁਹਿੰਮ ਨੌਜਵਾਨ ਪੀੜੀ ਨੂੰ ਨਸ਼ਾ ਮੁਕਤ ਭਾਰਤ ਦੀ ਸਿਰਜਣਾ ਲਈ ਪ੍ਰੇਰਿਤ ਕਰਨ ਅਤੇ ਜ਼ਿੰਮੇਵਾਰ ਨਾਗਰਿਕ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਖੀ ਸੁਧਾਈ ਸ਼ੁਰੂ

ਨਾਲ ਇੱਕ ਕਾਪੀ ਆਪਣੇ ਕੋਲ ਰੱਖਣੀ ਹੋਵੇਗੀ ਉਨ੍ਹਾਂ ਕਿਹਾ ਕਿ ਹਰੇਕ

ਰੋਜ਼ਾਨਾ ਸਪੋਕਸਮੈਨ
RozanaSpokesman.com

ਪੰਜਾਬੀ ਜਾਗਰਣ 29 June2026

# ਅਕਾਲ ਅਕੈਡਮੀ ਤਿੱਬੜ ਵਿਖੇ ਨਸ਼ਾ ਮੁਕਤ ਸਮਾਜ ਦਾ ਸੰਕਲਪ

ਲਖਬੀਰ ਖੁੰਡਾ • ਪੰਜਾਬੀ ਜਾਗਰਣ

**ਧਾਰੀਵਾਲ** - ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਦੇ ਮੌਕੇ 'ਤੇ ਅਕਾਲ ਅਕੈਡਮੀ ਤਿੱਬੜ,ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਵਿਖੇ ਅਸੀਂ ਨਸ਼ਾ ਮੁਕਤ ਹਾਂ, ਵਿਸ਼ਵ ਰਿਕਾਰਡ ਮੁਹਿੰਮ ਅਧੀਨ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਸਰਬ ਸ਼ਕਤੀਮਾਨ ਪਰਮਾਤਮਾ ਦੀ ਕਿਰਪਾ ਅਤੇ 'ਕਲਗੀਧਰ ਟਰੱਸਟ' ਦੀ ਰਹਿਨੁਮਾਈ ਹੇਠ ਸਵੇਰੇ 8:00 ਵਜੇ ਅਕਾਲ ਅਕੈਡਮੀ ਤਿੱਬੜ ਦੇ ਕੈਂਪਸ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਇੱਕੋ ਸਮੇਂ ਨਸ਼ਾ-ਮੁਕਤ, ਸਿਹਤਮੰਦ ਅਤੇ ਨੈਤਿਕ ਕਦਰਾਂ-ਕੀਮਤਾਂ ਵਾਲੇ ਸਮਾਜ ਦੀ ਸਿਰਜਣਾ ਲਈ ਸਾਂਝੀ ਸਹੁੰ ਚੁੱਕੀ।

ਇਸ ਇਤਿਹਾਸਕ ਪਹਿਲ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਅਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਣਾ ਹੈ। ਅਕਾਲ ਅਕੈਡਮੀ ਤਿੱਬੜ ਦੇ ਪ੍ਰਿੰਸੀਪਲ, ਵਿਦਿਆਰਥੀਆਂ, ਅਧਿਆਪਕਾਂ ਅਤੇ ਪੂਰੇ ਸਟਾਫ਼ ਨੇ ਪੂਰੇ ਉਤਸ਼ਾਹ ਨਾਲ ਇਸ ਮੁਹਿੰਮ ਵਿੱਚ ਹਿੱਸਾ ਲੈਂਦਿਆਂ ਨਸ਼ਾ-ਮੁਕਤ ਪੰਜਾਬ ਅਤੇ ਨਸ਼ਾ-ਮੁਕਤ ਭਾਰਤ ਦੇ ਨਿਰਮਾਣ ਲਈ ਆਪਣੀ ਵਚਨਬੱਧਤਾ ਪ੍ਰਗਟਾਈ। ਅਕੈਡਮੀ ਦੀ ਪ੍ਰਿੰਸੀਪਲ ਨੇ ਕਿਹਾ ਕਿ ਅਜਿਹੀਆਂ ਮੁਹਿੰਮਾਂ ਵਿਦਿਆਰਥੀਆਂ ਵਿੱਚ ਸਮਾਜਿਕ ਜ਼ਿੰਮੇਵਾਰੀ ਅਤੇ ਚੰਗੇ ਨਾਗਰਿਕ ਬਣਨ ਦੀ ਭਾਵਨਾ ਨੂੰ ਮਜ਼ਬੂਤ ਕਰਦੀਆਂ ਹਨ। ਉਨ੍ਹਾਂ ਨੇ ਇਸ ਵਿਸ਼ਵ ਰਿਕਾਰਡ ਪਹਿਲ ਨੂੰ ਸਫਲ ਬਣਾਉਣ ਲਈ ਸਾਰਿਆਂ ਦੇ ਸਹਿਯੋਗ ਦੀ ਸ਼ਲਾਘਾ ਕੀਤੀ।




ਅਕਾਲ ਅਕੈਡਮੀ ਤਿੱਬੜ ਵਿਖੇ ਨਸ਼ਾ ਮੁਕਤੀ ਸਮਾਗਮ ਲਈ ਬਣਾਇਆ ਗਿਆ ਸਲੋਗਨ।